ਵੱਲੋਂ:

ਪ੍ਰੀਖਕ,
ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰ: ਮਿਤੀ:____________

ਵਿਸ਼ਾ:-ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਨਗਰ ਪੰਚਾਇਤ (ਰਾਜਾਸਾਂਸੀ) ਜ਼ਿਲਾ ਅੰਮ੍ਰਿਤਸਰ ਬਾਬਤ ਸਾਲ 2017-18 ਤੱਕ।

ਵਿਸੇ ਅਧੀਨ ਸੰਸਥਾ ਦੀ ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਦੀ ਨਕਲ ਨੱਥੀ ਹੈ। ਇਸ ਵਿੱਚ ਦਰਜ ਹੇਠ ਲਿਖੇ ਇਤਰਾਜ ਗੰਭੀਰ ਕਿਸਮ ਦੇ ਹੋਣ ਕਾਰਨ ਆਪ ਜੀ ਦੇ ਵਿਸ਼ੇਸ਼ ਧਿਆਨ ਵਿੱਚ ਲਿਆਉਣ ਯੋਗ ਹਨ। ਇਹਨ੍ਹਾਂ ਪੈਰ੍ਹਿਆਂ ਵਿੱਚ ਦਰਸਾਈਆਂ ਗੰਭੀਰ ਊਕਾਈਆਂ ਅਤੇ ਬੇਕਾਇਦਗੀਆਂ ਸਬੰਧੀ ਤੁਰੰਤ ਕਾਰਵਾਈ ਦੀ ਲੋੜ ਹੈ।

1. ਇਹ ਵੀ ਵੇਖਣ ਵਿੱਚ ਆਇਆ ਹੈ ਕਿ ਪਿਛਲੀਆਂ ਆਡਿਟ ਰਿਪੋਰਟਾਂ ਵਿੱਚ ਬਕਾਇਆ ਚਲੇ ਆ ਰਹੇ ਆਡਿਟ ਇਤਰਾਜਾਂ ਦੇ ਨਿਪਟਾਰੇ ਸਬੰਧੀ ਢੁੱਕਵੀਂ ਕਾਰਵਾਈ ਨਾ ਕਰਨ ਕਰਕੇ ਪੈਂਡਿੰਗ ਆਡਿਟ ਇਤਰਾਜਾਂ ਵਿੱਚ ਵੱਡਾ ਵਾਧਾ ਹੋ ਰਿਹਾ ਹੈ। ਬੇਨਤੀ ਹੈ ਕਿ ਇਹਨ੍ਹਾਂ ਪੈਰ੍ਹਿਆਂ ਉਪਰ ਕੀਤੀ ਕਾਰਵਾਈ ਬਾਰੇ ਇਸ ਵਿਭਾਗ ਨੂੰ ਛੇਤੀ ਸੂਚਿਤ ਕੀਤਾ ਜਾਵੇ ਜੀ। ~~ਮਿਉਂਸਿਪਲ ਅਕਾਊਂਟ ਕੋਡ 1930 ਦੇ ਰੂਲ 17.17(6) ਅਤੇ (7) ਦੀ ਪਾਲਣਾ ਕਰਦਿਆਂ~~ ਪਿਛਲੀ ਆਡਿਟ ਰਿਪੋਰਟ ਨਗਰ ਕੌਂਸਲ ਸਾਹਮਣੇ ਪੇਸ਼ ਨਹੀਂ ਕੀਤੀ ਗਈ ਹੈ ਅਤੇ ਨਾ ਹੀ ਉੱਤਰਮਾਲਾ ਤਿਆਰ ਕਰਕੇ ਇਸ ਵਿਭਾਗ ਨੂੰ ਭੇਜੀ ਗਈ ਹੈ, ਜੋ ਉਪਰੋਕਤ ਨਿਯਮਾਂ ਦੇ ਪ੍ਰਤੀਕੂਲ ਹੈ। ਆਡਿਟ ਇਤਰਾਜਾਂ ਦੇ ਨਿਪਟਾਰੇ ਸਬੰਧੀ ਸਮੇਂ ਸਿਰ ਕਾਰਵਾਈ ਨਾ ਕਰਨ ਦੇ ਨਤੀਜੇ ਵਜੋਂ ਇਹਨ੍ਹਾਂ ਦੀ ਪਾਲਣਾ ਸਬੰਧੀ ਕਾਨੂੰਨੀ ਅੜਚਨਾਂ ਵੀ ਪੈਦਾ ਹੋ ਸਕਦੀਆਂ ਹਨ। ਇਸ ਲਈ ਨਗਰ ਕੌਂਸਲ ਅਧਿਕਾਰੀਆਂ ਨੂੰ ਆਡਿਟ ਇਤਰਾਜਾਂ ਦੀ ਪਾਲਣਾ ਕਰਨ ਪ੍ਰਤੀ ਵਿਸ਼ੇਸ਼ ਧਿਆਨ ਦੇਣ ਬਾਰੇ ਹਦਾਇਤਾਂ ਜਾਰੀ ਕਰਨਾ ਉਚਿਤ ਹੋਵੇਗਾ ਜੀ।

| ਲੜੀ ਨੰ: | ਵੇਰਵਾ | ਪੈਰ੍ਹਾ | ਰਕਮ ਰੁ: |
|---|---|---|---|
| 1. | ਗਬਨ ਜਾਂ ਕੁਵਰਤੋਂ | | |
| 2. | ਸਟਾਕ/ਸਟੋਰ ਵਿੱਚ ਪਾਈਆਂ ਤਰੁੱਟੀਆਂ | | |
| 3. | ਘੱਟ ਵਸੂਲੀਆਂ ਬਾਰੇ ਪੈਰ੍ਹੇ | | 04,15 |
| 4. | ਅਨਿਯਮਤ/ਵਧੀਕ ਅਦਾਇਗੀਆਂ<br>(ੳ) ਅਨਿਯਮਤ ਅਦਾਇਗੀਆਂ | | 03 |
| | (ਅ) ਪ੍ਰੋਵੀਜਨਲ ਲੈਪਸ ਅਦਾਇਗੀਆਂ | | |
| | (ੲ) ਟਾਲਣਯੋਗ ਅਦਾਇਗੀਆਂ<br>(ਸ) ਵਸੂਲਣਯੋਗ ਰਕਮਾਂ ਸਬੰਧੀ ਪੈਰ੍ਹੇ | | 04 |
| | (ਹ) ਸਮਾਂ ਟੱਪ ਚੁੱਕੀਆਂ ਵਧੀਕ ਅਦਾਇਗੀਆਂ ਅਤੇ ਘੱਟ ਵਸੂਲੀਆਂ | | 05 |
| 5. | ਫੁੱਟਕਲ ਗੰਭੀਰ ਊਕਾਈਆਂ ਦੇ ਪੈਰ੍ਹੇ | | 18 |
| 6. | ਲੇਖਿਆਂ ਤੇ ਰੱਖ ਰਖਾਵ ਦੀ ਸਥਿਤੀ | | 17 |

2. ਰਿਕਾਰਡ ਜੋ ਪੜਤਾਲ ਦੌਰਾਨ ਪੇਸ਼ ਨਹੀਂ ਕੀਤਾ ਗਿਆ:- ਇਹ ਵੇਖਣ ਵਿੱਚ ਆਇਆ ਹੈ ਕਿ ਕਾਫੀ ਰਿਕਾਰਡ ਜਿਸ ਦਾ ਵੇਰਵਾ ਆਡਿਟ ਪੈਰ੍ਹਾ ਨੰ: 17 ਵਿੱਚ ਦਿੱਤਾ ਗਿਆ ਹੈ, ਆਡਿਟ ਦੌਰਾਨ ਪੇਸ਼ ਨਹੀਂ ਕੀਤਾ ਗਿਆ। ਰਿਕਾਰਡ ਦਾ ਪੇਸ਼ ਨਾ ਹੋਣਾ ਗੰਭੀਰ ਬੇਕਾਇਦਗੀਆਂ ਦੀ ਸੰਭਾਵਨਾਂ ਦਾ ਸੰਕੇਤ ਦਿੰਦਾ ਹੈ। ਇਸ ਲਈ ਸਬੰਧਤ ਰਿਕਾਰਡ ਬਿਨ੍ਹਾਂ ਹੋਰ ਦੇਰੀ ਤੋਂ ਪੜਤਾਲ ਲਈ ਆਡਿਟ ਨੂੰ ਪੇਸ਼ ਕਰਵਾਉਣ ਸਬੰਧੀ ਹਦਾਇਤਾਂ ਜਾਰੀ ਕਰਨਾ ਉਚਿਤ ਹੋਵੇਗਾ ਤਾਂ ਜੋ ਪੜਤਾਲ ਉਪਰੰਤ ਬੇਨਿਯਮੀਆਂ ਸਰਕਾਰ ਦੇ ਧਿਆਨ ਵਿੱਚ ਲਿਆਂਦੀਆਂ ਜਾ ਸਕਣ ਜੀ।

-ਸਹੀ-
ਰਿਜਨਲ ਡਿਪਟੀ ਡਾਇਰੈਕਟਰ,
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

ਨੰ: 5(429)27 ਮਿਤੀ: 3/10/18

ਉਪਰੋਕਤ ਦਾ ਉਤਾਰਾ ਲੇਖਾ ਪੜਤਾਲ ਨਿਰੀਖਣ ਰਿਪੋਰਟ ਦੀ ਨਕਲ ਸਮੇਤ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪ੍ਰਧਾਨ/ਪ੍ਰਬੰਧਕ ਨਗਰ ਪੰਚਾਇਤ ਰਾਜਾਸਾਂਸੀ, ਜਿਲ੍ਹਾ ਅੰਮ੍ਰਿਤਸਰ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਮਿਊਂਸਪਲ ਅਕਾਊਂਟਸ ਕੋਡ 1930 ਦੇ ਨਿਯਮਾਂ 17.17(6) ਅਤੇ (7) ਅਧੀਨ ਆਡਿਟ ਨੋਟ ਤੇ ਯੋਗ ਕਾਰਵਾਈ ਕਰਨ ਉਪਰੰਤ ਉੱਤਰਮਾਲਾ ਤਿੰਨ ਮਹੀਨਾ ਦੇ ਅੰਦਰ ਅੰਦਰ ਇਸ ਦਫਤਰ ਨੂੰ ਭੇਜੀ ਜਾਵੇ।
2. ਡਿਪਟੀ ਕਮਿਸ਼ਨਰ। ਅੰਮ੍ਰਿਤਸਰ।
3. ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਅੰਮ੍ਰਿਤਸਰ।
4. ਸਹਾਇਕ ਕੰਟਰੋਲਰ/ਸੈਕਸ਼ਨ ਅਫਸਰ ਮਾਰਫਤ ਰਿਜਨਲ ਡਿਪਟੀ ਡਾਇਰੈਕਟਰ (ਲੋਕਲ ਆਡਿਟ)
5. ਦਫਤਰੀ ਕਾਪੀ।

ਰਿਜਨਲ ਡਿਪਟੀ ਡਾਇਰੈਕਟਰ,
ਵਾਸਤੇ ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ,
ਚੰਡੀਗੜ੍ਹ।

## ਖਰੜਾ ਲੇਖਾ ਪੜਤਾਲ ਅਤੇ ਨਿਰੀਖਣ ਰਿਪੋਰਟ ਨਗਰ ਪੰਚਾਇਤ, ਰਾਜਾ-ਸਾਂਸੀ,ਜਿਲ੍ਹਾ ਅੰਮ੍ਰਿਤਸਰ।

ਸਮਾਂ:- 04/17 ਤੋਂ 03/18

ਪਿਛਲੀ ਆਡਿਟ ਰਿਪੋਰਟ ਸਮਾਂ: 04/16 ਤੋਂ 03/17 ਤੱਕ ਨਗਰ ਪੰਚਾਇਤ 'ਰਾਜਾਸਾਂਸੀ' ਵਿਖੇ ਮਿਤੀ: 01/05/2018 ਨੂੰ ਪ੍ਰਾਪਤ ਹੋਈ ਸੀ, ਜੋ ਕਿ ਨਗਰ ਪੰਚਾਇਤ ਦੇ ਸਾਹਮਣੇ ਪੇਸ਼ ਨਹੀਂ ਕੀਤੀ ਗਈ ਅਤੇ ਨਾ ਹੀ ਇਸਦੀ ਉਤਰਮਾਲਾ ਤਿਆਰ ਕਰਕੇ 3 ਮਹੀਨਿਆਂ ਦੇ ਵਿੱਚ ਇਸ ਦਫਤਰ ਨੂੰ ਭੇਜੀ ਗਈ ਸੀ, ਜੋ ਕਿ 'ਪੰਜਾਬ ਮਿਉਂਸਪਲ ਅਕਾਊਂਟਿੰਗ ਮੈਨੂਅਲ 2017 ਦੇ ਨਿਯਮ 29.8(4) ਦੀ ਉਲੰਘਣਾ ਸੀ। ਇਹ ਤੱਥ ਡਾਇਰੈਕਟਰ ਸਥਨਕ ਸਰਕਾਰ ਦੇ ਵਿਸ਼ੇਸ਼ ਧਿਆਨ ਵਿੱਚ ਲਿਆਂਦਾ ਜਾਂਦਾ ਹੈ।

ਵਰਤਮਾਨ ਆਡਿਟ ਦੇ ਅੰਤ ਤੇ ਹੇਠ ਲਿਖੇ ਅਨੁਸਾਰ 146 ਆਡਿਟ ਪੈਰ੍ਹੇ ਬਕਾਇਆ ਖੜੇ ਸਨ। ਪੂਰਾ ਵੇਰਵਾ ਅਨੁਲੱਗ-ੳ ਵਿੱਚ ਦਰਸਾਇਆ ਗਿਆ ਹੈ। ਪੈਰ੍ਹਿਆਂ ਦੇ ਨਿਪਟਾਰੇ ਲਈ ਅੰਸ਼ਕ ਕਾਰਵਾਈ ਕੀਤੀ ਗਈ ਸੀ, ਪ੍ਰੰਤੂ ਕੁਝ ਗੰਭੀਰ ਕਿਸਮ ਦੇ ਇਤਰਾਜ ਜਿਵੇਂ ਕਿ ਫੰਡਾਂ ਦੀ ਕੁਵਰਤੋਂ, ਬੇਕਾਇਦਾ/ਪ੍ਰੋਵੀਜਨਲ ਅਤੇ ਟਾਲਣਯੋਗ ਖਰਚੇਮ ਵਿਕਾਸ ਦੇ ਕੰਮਾਂ ਦੀਆਂ ਤਰੁੱਟੀਆਂ, ਲਾਗ ਬੁੱਕਾਂ ਸਬੰਧੀ, ਘੱਟ ਵਸੂਲੀਆਂ ਸਬੰਧੀ ਅਤੇ ਰਿਕਾਰਡ ਪੇਸ਼ ਨਾ ਕਰਨਾ ਆਦਿ ਵੱਲ ਧਿਆਨ ਦੇਣ ਦੀ ਜਰੂਰਤ ਹੈ। ਆਡਿਟ ਇਤਰਾਜਾਂ ਦੇ ਨਿਪਟਾਰੇ ਲਈ ਯੋਗ ਕਾਰਵਾਈ ਹੁਣ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| | | |
|---|---|---|
| (ੳ) | 15 ਸਾਲ ਤੋਂ ਵੱਧ ਪੁਰਾਣੇ | 42 |
| (ਅ) | 10 ਸਲ ਤੋਂ ਵੱਧ ਪੁਰਾਣੇ | 28 |
| (ੲ) | 05 ਸਾਲ ਤੋਂ ਵੱਧ ਪੁਰਾਣੇ | 24 |
| (ਸ) | ਹੋਰ | 44 |
| (ਹ) | ਕੁੱਲ | 138 |

ਪੈਰ੍ਹਾ ਨੰ: 2 <u>ਵਰਤਮਾਨ ਆਡਿਟ</u>:- ਵਰਤਮਾਨ ਆਡਿਟ ਸਮਾਂ:04/17 ਤੋਂ 03/18 ਤੱਕ ਦੇ ਲੇਖਿਆਂ ਦਾ ਟੈਸਟ ਆਡਿਟ ਪਰਮਜੀਤ ਸਿੰਘ, ਆਡੀਟਰ ਵੱਲੋਂ ਮਿਤੀ: 01/05/18 ਤੋਂ 14/06/18 ਤੱਕ ਕੀਤਾ ਗਿਆ। ਇਸ ਸਬੰਧੀ ਮਹੀਨਾ 07/17 ਅਤੇ 12/17 ਦੇ ਲੇਖੇ ਵਿਸਥਾਰ ਪੂਰਵਕ ਪੜਤਾਲ ਲਈ ਚੁਣੇ ਗਏ ਅਤੇ ਪੜਤਾਲ ਦੌਰਾਨ ਪਾਈਆਂ ਗੰਭੀਰ ਉਕਾਈਆਂ ਸਬੰਧਤ ਪੈਰ੍ਹਿਆਂ ਵਿੱਚ ਵਿਸਥਾਰ ਪੂਰਵਕ ਉਲੇਖ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ | ਵੇਰਵਾ | ਪੈਰ੍ਹਾ ਨੰਬਰ |
|---|---|---|
| 1 | ਅਨਿਯਮਤ/ਵਾਧੂ ਅਦਾਇਗੀਆਂ | 03 |
| 2 | ਵਸੂਲੀਆਂ | 04 |
| 3 | ਅਮਲੇ ਸਬੰਧੀ | 06 |
| 4 | ਵਿਕਾਸ ਦੇ ਕੰਮਾਂ ਸਬੰਧੀ | 05 |
| 5 | ਆਰਜੀ ਪੇਸ਼ਗੀਆਂ | 07 |
| 6 | ਅਸਲ ਪ੍ਰਾਪਤੀ ਰਸੀਦਾਂ | 09 |
| 7 | ਨਕਸ਼ਿਆਂ ਸਬੰਧੀ | 10 |
| 8 | ਲਾਗ ਬੁੱਕ | 14 |
| 9 | ਟੀਚੇ ਤੋਂ ਵੱਧ ਆਮਦਨ | 15 |
| 10 | ਰਿਕਾਰਡ ਪੇਸ਼ ਨਹੀਂ ਕੀਤਾ | 17 |
| 11 | ਫੁੱਟਕਲ | 18 |

ਪੈਰ੍ਹਾ ਨੰ: 3 **<u>ਅਨਿਯਮਤ/ਵਾਧੂ ਟਾਲਣਯੋਗ ਅਦਾਇਗੀਆਂ</u>**:- ਨਗਰ ਪੰਚਾਇਤ ਰਾਜਾਸਾਂਸੀ 2015-16 ਦੌਰਾਨ ਹੇਠ ਲਿਖੇ ਵੇਰਵੇ ਅਨੁਸਾਰ ਵਾਧੂ/ਅਨਿਯਮਤ ਅਦਾਇਗੀ ਕੀਤੀ ਗਈ, ਜਿਸ ਨੂੰ ਸਰਕਾਰੀ ਨਿਯਮਾਂ ਅਨੁਸਾਰ ਸਹੀ ਨਹੀਂ ਮੰਨਿਆ ਜਾ ਸਕਦਾ। ਇਹਨ੍ਹਾਂ ਖਰਚਿਆਂ ਦੀ ਪੰਜਾਬ ਸਰਕਾਰ ਪਾਸੋਂ ਪ੍ਰਵਾਨਗੀ ਲੈਣ ਉਪਰੰਤ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰ | ਵੋਚਰ ਨੰ | ਰਕਮ (ਰੁਪਏ) | ਵੇਰਵਾ |
|---|---|---|---|
| 1 | 25 ਮਿਤੀ: 08/01/16 | 7,071/- | ਮੁੱਖ ਮੰਤਰੀ ਦੀ ਰੈਲੀ ਵਿੱਚ ਸ਼ਾਮਲ ਹੋਣ ਲਈ 150 ਲੀਟਰ ਡੀਜ਼ਲ ਦੀ ਖ੍ਰੀਦ ਕਰਨ ਉਪਰੰਤ ਗੱਡੀ ਗੋਇੰਦਵਾਲ ਸਾਹਿਬ ਭੇਜੀ। |

| | | | |
|---|---|---|---|
| 2 | 35 ਮਿਤੀ: 21/01/16 | 7,000/- | 26 ਜਨਵਰੀ ਦਾ ਜਸ਼ਨ ਮਨਾਉਣ ਲਈ ਐਸ.ਡੀ.ਐਮ ਅਜਨਾਲਾ ਨੂੰ ਰਕਮ ਭੇਜੀ। |
| 3 | 25-ਏ ਮਿਤੀ: 07/08/15 | 7,000/- | 15 ਅਗਸਤ ਦਾ ਜਸ਼ਨ ਮਨਾਉਣ ਲਈ ਐਸ.ਡੀ.ਐਮ ਅਜਨਾਲਾ ਨੂੰ ਰਕਮ ਭੇਜੀ। |

**ਪੈਰ੍ਹਾ ਨੰ: 4** **ਵਸੂਲੀਆਂ:-** **(ੳ)** **ਦੁਕਾਨਾਂ ਦਾ ਕਿਰਾਇਆ:-** ਹੇਠ ਲਿਖੇ ਵੇਰਵੇ ਅਨੁਸਾਰ ਮਿਤੀ: 31/03/18 ਤੱਕ ਦੁਕਾਨਦਾਰਾਂ ਵੱਲ 49,972/- ਰੁਪਏ ਕਿਰਾਏ ਵਜੋਂ ਬਕਾਏ ਖੜੇ ਸਨ, ਪ੍ਰੰਤੂ ਪੜਤਾਲ ਦੇ ਅੰਤ ਤੱਕ ਬਣਦੀ ਰਕਮ ਦੀ ਵਸੂਲੀ ਨਹੀਂ ਕੀਤੀ ਗਈ ਸੀ, ਜੋ ਕਿ ਸਹੀ ਨਹੀਂ ਹੈ। ਇਹਨ੍ਹਾਂ ਦੀ ਵਸੂਲੀ ਵਾਸਤੇ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਕੀਤੀ ਵਸੂਲੀ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰ | ਦੁਕਾਨ ਨੰ | ਦੁਕਾਨਦਾਰ ਦਾ ਨਾਮ | ਬਕਾਇਆ ਰਕਮ |
|---|---|---|---|
| 1 | 02 | ਸ਼੍ਰੀ ਹਰਭਜਨ ਸਿੰਘ, ਸਪੁੱਤਰ ਸ਼੍ਰੀ ਸੁਰੈਣ ਸਿੰਘ | 25,390/- |
| 2 | 05 | ਸ੍ਰੀ ਗੁਲਵਿੰਦਰ ਸਿੰਘ, ਸਪੁੱਤਰ ਸ਼੍ਰੀ ਹਰਬੰਸ ਸਿੰਘ | 4,793/- |
| 3 | 06 | ਸ਼੍ਰੀ ਸਵਿੰਦਰ ਸਿੰਘ, ਸਪੁੱਤਰ ਸ਼੍ਰੀ ਹਰਬੰਸ ਸਿੰਘ | 7,586/- |
| 4 | 09 | ਸ਼੍ਰੀ ਗੁਰਚਰਨ ਸਿੰਘ, ਸਪੁੱਤਰ ਸ਼੍ਰੀ ਅਨੋਖ ਸਿੰਘ | 6,203/- |
| | | | 43,972/- |

**(ਅ)** **ਟਾਵਰਾਂ ਦੀ ਆਮਦਨ:-** ਵੱਖ ਵੱਖ ਕੰਪਨੀਆਂ ਦੇ ਟਾਵਰ ਨਗਰ ਪੰਚਾਇਤ ਰਾਜਾਸਾਂਸੀ ਦੀ ਹਦੂਦ ਵਿੱਚ ਲੱਗੇ ਸਨ। ਇਹਨ੍ਹਾਂ ਕੰਪਨੀਆਂ ਵੱਲ ਹੇਠ ਲਿਖੇ ਵੇਰਵੇ ਅਨੁਸਾਰ 3,21,500/- ਰੁਪਏ ਬਤੌਰ ਲਾਇਸੰਸ ਫੀਸ ਵਜੋਂ ਖੜੇ ਸਨ। ਜਿਸਦੀ ਵਸੂਲੀ ਆਡਿਟ ਸਮੇਂ ਦੇ ਅੰਤ ਤੱਕ ਨਹੀਂ ਕੀਤੀ ਗਈ ਸੀ। ਇਸਦੀ ਵਸੂਲੀ ਲਈ ਵਿਸ਼ੇਸ ਉਪਰਾਲੇ ਕੀਤੇ ਜਾਣ ਅਤੇ ਕੀਤੀ ਗਈ ਵਸੂਲੀ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰ | ਸਮਾਂ | ਰਕਮ (ਰੁਪਏ) | ਵੇਰਵਾ |
|---|---|---|---|
| 1 | 2014-15 ਤੋਂ 2017-18 | 55,000/- | ਜੀ.ਟੀ.ਐਲ…………….ਇੰਡਸਟ੍ਰੀਅਲ ਏਰੀਆ, ਮੋਹਾਲੀ |
| 2 | 2011-12 ਤੋਂ 2017-18 | 1,02,100/- | ਇੰਡਸ ਪਾਵਰ ਲਿਮਿਟਡ ਡੀ.ਐਲ.ਐਫ ਆਈ.ਟੀ ਪਾਰਕ, ਚੰਡੀਗੜ੍ਹ |
| 3 | 2003-04 ਤੋਂ 2017-18 | 89,000/- | ਬੀ.ਐਸ.ਐਨ.ਐਲ ਟੈਲੀਫੋਨ ਐਕਸਚੇਂਜ, ਮੋਹਾਲੀ |
| 4 | 2010-11 ਤੋਂ 2017-18 | 75,400/- | ਟੂਲਿਪ ਟੈਲੀਕਾਮ ਲਿਮਿਟਡ, ਸੈਕਟਰ 20-ਸੀ, ਚੰਡੀਗੜ੍ਹ |
| | ਕੁੱਲ ਜੋੜ | 3,21,500/- | |

**ਪੈਰ੍ਹਾ ਨੰ: 5** **ਵਿਕਾਸ ਦੇ ਕੰਮ:-** **(ੳ)** ਹੇਠ ਲਿਖੇ ਵੇਰਵੇ ਅਨੁਸਾਰ ਵਿਕਾਸ ਦੇ ਕੰਮਾਂ ਦੀਆਂ ਚੋਣਵੇਂ ਮਹੀਨਿਆਂ ਦੌਰਾਨ ਵੱਖ ਵੱਖ ਫਰਮਾਂ ਨੂੰ ਅਦਾਇਗੀਆਂ ਕੀਤੀਆਂ ਗਈਆਂ ਸਨ। ਇਹਨ੍ਹਾਂ ਬਿੱਲਾਂ ਦੀਆ ਕੈਲਕੁਲੈਕਸ਼ਨਾਂ, ਰੇਟਾਂ ਸੀਮਿੰਟ ਦੀ ਕਟੌਤੀ ਨਾ ਕਰਨ ਕਰਕੇ 4,550/- ਰੁਪਏ ਦੀ ਵਾਧੂ ਅਦਾਇਗੀ ਕੀਤੀ ਗਈ ਸੀ। ਇਸ ਰਕਮ ਦੀ ਵਸੂਲੀ ਸਬੰਧਤ ਫਰਮ/ਜਿਮੇਂਵਾਰ ਕਰਮਚਾਰੀ ਪਾਸੋਂ ਵਸੂਲ ਕੇ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਵੋਚਰ ਨੰ | ਮਹੀਨਾ | ਫਰਮ ਦਾ ਨਾਮ | ਅਦਾ ਕੀਤੀ ਰਕਮ | ਅਦਾਇਗੀ ਯੋਗ ਰਕਮ | ਵਾਧੂ ਅਦਾਇਗੀ |
|---|---|---|---|---|---|
| 24 | 07/17 | ਪਲਾਸੌਰ ਕੋ-ਆਪ੍ਰੇਟਿਵ ਸੋਸਾਇਟੀ | 43,576/- | 43,326/- | 250/-, |
| 26 | 07/17 | -ਓਹੀ- | 36,490/- | 35,390/- | 1,100/- |
| 25 | 07/17 | -ਓਹੀ- | 1,48,527/- | 1,45,327/- | 3,200/- |
| | | | | | 4,550/- |

(ਅ) ਨਗਰ ਪੰਚਾਇਤ ਵੱਲੋਂ ਹੇਠ ਲਿਖੇ ਵੇਰਵੇ ਅਨੁਸਾਰ ਵੱਖ ਵੱਖ ਠੇਕੇਦਾਰਾਂ ਨੂੰ ਅਦਾਇਗੀ ਕੀਤੀ ਗਈ ਅਤੇ ਵਰਕ ਰਜਿਸਟਰ/ਮਾਪ ਬੁੱਕਾਂ ਪੜਤਾਲ ਹਿੱਤ ਪੇਸ਼ ਕੀਤੀਆਂ ਗਈਆਂ ਪ੍ਰੰਤੂ ਬਿੱਲਾਂ ਨਾਲ ਸਬੰਧਤ ਹੋਰ ਰਿਕਾਰਡ ਜਿਵੇਂ ਕਿ ਤਖਮੀਨੇ, ਐਸਟੀਮੇਟ, ਟੈਂਡਰ ਆਦਿ ਪੇਸ਼ ਨਹੀਂ ਕੀਤੇ ਗਏ। ਇਹ ਰਿਕਾਰਡ ਅਗਲੀ ਆਡਿਟ ਦੌਰਾਨ ਪੇਸ਼ ਕਰਨਾ ਯਕੀਨੀ ਬਣਾਇਆ ਜਾਵੇ।

| ਲੜੀ ਨੰ | ਵੋਚਰ ਨੰ | ਮਿਤੀ | ਰਕਮ | ਕੰਮ ਸਬੰਧੀ ਵੇਰਵਾ |
|---|---|---|---|---|
| 1 | 14 | 10/07/17 | 31,853/- | ਪਲਾਸੌਰ ਕੋ-ਆਪਰੇਟਿਵ ਸੋਸਾਇਟੀ ਪਾਸੋਂ ਪਾਰਕਾਂ ਦੇ ਰੱਖ-ਰਖਾਵ ਸਬੰਧੀ |
| 2 | 15 | 10/07/17 | 32,686/- | ਆਰ.ਜੀ ਇਲੈਕਟ੍ਰਾਨਿਕਸ ਪਾਸੋਂ ਸਟਰੀਟ ਲਾਈਟਾਂ ਦੇ ਰੱਖ-ਰਖਾਵ ਸਬੰਧੀ |
| 3 | 13 | 10/07/17 | 3,13,066/- | ਪਲਾਸੌਰ ਕੋ-ਆਪਰੇਟਿਵ ਸੋਸਾਇਟੀ ਪਾਸੋਂ ਵੱਖ ਵੱਖ ਵਾਰਡਾਂ ਦੀ ਸਫਾਈ/ਹੋਰ ਰੱਖ-ਰਖਾਵ ਸਬੰਧੀ |
| 4 | 10 | 12/12/17 | 2,85,732/- | ਰੋਖੇ ਕੋ-ਆਪਰੇਟਿਵ ਸੋਸਾਇਟੀ ਪਾਸੋਂ ਵੱਖ ਵੱਖ ਵਾਰਡਾਂ ਦੀ ਸਫਾਈ/ਹੋਰ ਰੱਖ-ਰਖਾਵ ਸਬੰਧੀ |
| 5 | 05 | 07/12/17 | 2,97,840/- | ਨੈਸ਼ਨਲ ਕੋ-ਆਪਰੇਟਿਵ ਸੋਸਾਇਟੀ ਪਾਸੋਂ ਵਾਰਡ ਨੰ: 12 ਵਿਖੇ ਆਰਮੀ ਚਰਚ ਦੇ ਕੋਲ ਧਰਮਸ਼ਾਲਾ ਦੀ ਉਸਾਰੀ ਸਬੰਧੀ |
| 6 | 06 | 07/12/17 | 1,84,628/- | ਨੈਸ਼ਨਲ ਕੋ-ਆਪਰੇਟਿਵ ਸੋਸਾਇਟੀ ਲਿਮਿਟਡ ਪਾਸੋਂ ਵਾਰਡ ਨੰ: 08 ਤੋਂ 13 ਵਿੱਚ ਪੈਂਦੀਆਂ ਗਲੀਆਂ ਦੀ ਮੁਰੰਮਤ ਸਬੰਧੀ |

ਪੈਰ੍ਹਾ ਨੰ: 6 <u>ਅਮਲਾ ਸਬੰਧੀ</u>:- (ੳ) ਨਗਰ ਪੰਚਾਇਤ ਵੱਲੋਂ ਜੂਨ-17 ਦੌਰਾਨ 39 ਕਰਮਚਾਰੀ ਆਰਜੀ ਤੌਰ ਤੇ ਲਾ ਕੇ ਉਨ੍ਹਾ ਕੋਲੋਂ ਹੇਠ ਲਿਖੇ ਵੇਰਵੇ ਅਨੁਸਾਰ ਰਾਜਾਸਾਂਸੀ ਦੇ ਇਲਾਕੇ ਦੀ ਸਫਾਈ ਕਰਵਾਈ ਗਈ, ਪ੍ਰੰਤੂ ਸਰਕਾਰੀ ਹਦਾਇਤਾਂ ਦੇ ਬਾਵਜੂਦ ਇਨ੍ਹਾਂ ਨੂੰ 26 ਦਿਨ੍ਹਾਂ ਦੀ ਅਦਾਇਗੀ ਦੀ ਬਜਾਏ 30 ਦਿਨ੍ਹਾਂ ਦੀ ਅਦਾਇਗੀ ਕਰਿਤੀ ਗਈ। ਇਸ ਸਬੰਧੀ ਕਰਮਚਾਰੀਆਂ ਦੀ ਜਿਮੇਂਵਾਰੀ ਫਿਕਸ ਕਰਦੇ ਹੋਏ ਕੀਤੀ ਗਈ ਵਾਧੂ ਅਦਾਇਗੀ ਦੀ ਰਕਮ ਵਸੂਲ ਕੇ ਨਗਰ ਪੰਚਾਇਤ ਦੇ ਫੰਡ ਵਿੱਚ ਜਮ੍ਹਾ ਕਰਵਾਈ ਜਾਵੇ ਜਾਂ ਇਸ ਸਬੰਧੀ ਸਮਰੱਥ ਅਧਿਕਾਰੀ ਪਾਸੋਂ ਲੋੜੀਂਦੀ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਵੋਚਰ ਨੰ | ਮਿਤੀ | ਅਦਾ ਕੀਤੀ ਰਕਮ | ਵਾਧੂ ਅਦਾ ਕੀਤੀ ਰਕਮ |
|---|---|---|---|
| 42 | 27/07/17 | 2,93,202/- | 9,789/- |

(ਅ) ਹੇਠ ਲਿਖੇ ਵੇਰਵੇ ਅਨੁਸਾਰ ਸ਼੍ਰੀ ਸੁਖਦੇਵ ਰਾਜ (ਸੇਵਾਦਾਰ) ਨੂੰ 20,000/- ਰੁਪਏ ਦੀ ਰਕਮ ਅਦਾ ਕੀਤੀ ਗਈ, ਪ੍ਰੰਤੂ ਇਸ ਨਾਲ ਸਬੰਧਤ ਰਿਕਾਰਡ ਪੜਤਾਲ ਹਿੱਤ ਪੇਸ਼ ਨਹੀਂ ਕੀਤਾ ਗਿਆ। ਸਬੰਧਤ ਰਿਕਾਰਡ ਅਗਲੀ ਆਡਿਟ ਪੜਤਾਲ ਦੌਰਾਨ ਪੇਸ਼ ਕਰਿਤਾ ਜਾਵੇ।

| ਵੋਚਰ ਨੰ | ਮਿਤੀ | ਰਕਮ | ਵੇਰਵਾ |
|---|---|---|---|
| 43 | 27/07/17 | 20,000/- | ਸਪੈਸ਼ਲ ਇਨਕਰੀਮੈਂਟ ਦਾ ਬਕਾਇਆ |

ਪੈਰ੍ਹਾ ਨੰ: 7 <u>ਆਰਜੀ ਪੇਸ਼ਗੀਆਂ</u>:- ਸਾਲ 2017-18 ਦੌਰਾਨ ਹੇਠ ਲਿਖੇ ਵੇਰਵੇ ਅਨੁਸਾਰ ਵੱਖ ਵੱਖ ਕਰਮਚਾਰੀਆਂ ਨੂੰ ਆਰਜੀ ਪੇਸ਼ਗੀਆਂ ਦੀ ਅਦਾਇਗੀ ਕੀਤੀ ਗਈ ਸੀ, ਪ੍ਰੰਤੂ ਇਸ ਦੀ ਐਡਜਸਟਮੈਂਟ ਨਾਲ ਸਬੰਧਤ ਰਿਕਾਰਡ ਲੇਖਾ ਪੜਤਾਲ ਲਈ ਪੇਸ਼ ਨਹੀਂ ਕੀਤਾ ਗਿਆ। ਇਹ ਰਿਕਾਰਡ ਤਿਆਰ ਕਰਨ ਉਪਰੰਤ ਅਗਲੀ ਆਡਿਟ ਪੜਤਾਲ ਸਮੇਂ ਪੇਸ਼ ਕਰਨਾ ਯਕੀਨੀ ਬਣਾਇਆ ਜਾਵੇ।

| ਲੜੀ ਨੰ | ਮਿਤੀ | ਰਕਮ | ਵੇਰਵਾ |
|---|---|---|---|
| 1 | 23/6/17 | 30,000/- | ਸ਼੍ਰੀ ਬਲਬੀਰ ਸਿੰਘ ਜੂ.ਸਹਾਇਕ ਨੂੰ ਹਵਾਈ ਅੱਡੇ ਦੇ ਰੱਨ-ਵੇ ਤੇ ਗੰਦੇ ਪਾਣੀ ਦੀ ਨਿਕਾਸੀ ਲਈ ਜੇ.ਸੀ.ਬੀ ਮਸ਼ੀਨ ਲਵਾਉਣ ਲਈ |

| | | | |
|---|---|---|---|
| 2 | 14/8/17 | 7,000/- | ਸ਼੍ਰੀ ਹਰਿੰਦਰ ਸਿੰਘ ਜੂ.ਸਹਾਇਕ ਨੂੰ 15 ਅਗਸਤ ਮਨਾਉਣ ਸਬੰਧੀ |
| 3 | 8/11/17 | 40,000/- | ਸ਼੍ਰੀ ਸੰਕਲਪ ਸੈਂਟਰੀ ਇਨਸਪੈਕਟਰ ਨੂੰ ਡਸਟਬਿੰਨਾਂ ਦੀ ਖ੍ਰੀਦ ਸਬੰਧੀ |
| 4 | 14/11/17 | 10,000/- | ਸ਼੍ਰੀ ਹਰਿੰਦਰ ਸਿੰਘ ਜੂ.ਸਹਾਇਕ ਨੂੰ ਚੋਣਾਂ ਸਬੰਧੀ ਖਰਚੇ ਕਰਨ ਲਈ |
| 5 | 25/1/18 | 7,000/- | ਸ਼੍ਰੀ ਹਰਿੰਦਰ ਸਿੰਘ ਜੂ.ਸਹਾਇਕ ਨੂੰ 26 ਜਨਵਰੀ ਮਨਾਉਣ ਸਬੰਧੀ |

**ਪੈਰ੍ਹਾ ਨੰ: 8 ਕੋਰਟ ਕੇਸਾਂ ਸਬੰਧੀ:-** ਨਗਰ ਪੰਚਾਇਤ ਰਾਜਾ-ਸਾਂਸੀ ਵਿਰੁੱਧ ਹੇਠ ਲਿਖੇ ਵੇਰਵੇ ਅਨੁਸਾਰ ਅਦਾਲਤੀ ਕੇਸ ਵਖ ਵੱਖ ਅਦਾਲਤਾਂ ਵਿੱਚ ਚੱਲ ਰਹੇ ਹਨ। ਇਸ ਸਬੰਧੀ ਬਣਦੀ ਯੋਗ ਕਾਰਵਾਈ ਕੀਤੀ ਜਾਵੇ ਅਤੇ ਕੋਰਟ ਕੇਸਾਂ ਸਬੰਧੀ ਤਾਜਾ ਸਥਿਤੀ ਤੋਂ ਅਗਲੀ ਲੇਖਾ ਪੜਤਾਲ ਦੌਰਾਨ ਜਾਣੂ ਕਰਵਾਇਆ ਜਾਵੇ।

| ਲੜੀ ਨੰ | ਅਦਾਲਤ ਦਾ ਨਾਮ | ਸੁਣਵਾਈ ਦੀ ਅਗਲੀ ਮਿਤੀ | ਵੇਰਵਾ |
|---|---|---|---|
| 1 | ਐਸ.ਡੀ.ਐਮ ਅਜਨਾਸਲਾ ਦੀ ਅਦਾਲਤ ਵਿੱਚ ਪੀ.ਪੀ ਐਕਟ ਅਧੀਨ | 19/6/18 | ਬਖਸ਼ੀਸ਼ ਸਿੰਘ ਸਪੁੱਤਰ ਸ਼੍ਰੀ ਕਿਰਪਾਲ ਸਿੰਘ ਵੱਲੋਂ ਨਗਰ ਪੰਚਾਇਤ ਦੀ 2 ਕਨਾਲ ਜ਼ਮੀਨ ਸਬੰਧੀ ਝਗੜਾ |
| 2 | ਅੰਮ੍ਰਿਤਸਰ ਲੇਬਰ ਕੋਰਟ | 3/7/18 | ਸ਼੍ਰੀ ਮਨੋਹਰ ਸਿੰਘ ਜੂਨੀਅਰ ਸਹਾਇਕ ਦੀ ਬਰਖਾਸਤਗੀ ਵਿਰੁੱਧ ਕੇਸ |
| 3 | ਸਬ-ਜੱਜ ਅਜਨਾਲਾ | 17/7/18 | ਸ਼੍ਰੀ ਗੁਰਮਿੰਦਰ ਸਿੰਘ ਸਪੁੱਤਰ ਸ਼੍ਰੀ ਸੁਖਰਾਜ ਸਿੰਘ ਵੱਲੋਂ 2 ਕਨਾਲ 19 ਮਰਲੇ ਦਾ ਜ਼ਮੀਨੀ ਕਬਜ਼ਾ |

ਪੈਰ੍ਹਾ ਨੰ: 9 ਅਸਲ ਪ੍ਰਾਪਤੀ ਰਸੀਦਾਂ:- ਹੇਠ ਲਿਖੇ ਵੇਰਵੇ ਅਨੁਸਾਰ ਵੱਖ ਵੱਖ ਫਰਮਾਂ ਨੂੰ ਨਗਰ ਪੰਚਾਇਤ ਵੱਲੋਂ ਰਕਮ ਅਦਾ ਕੀਤੀ ਗਈ, ਪ੍ਰੰਤੂ ਅਸਲ ਪ੍ਰਾਪਤੀ ਰਸੀਦਾਂ ਪੇਸ਼ ਨਹੀਂ ਕੀਤੀਆਂ ਗਈਆਂ। ਇਹ ਅਸਲ ਪ੍ਰਾਪਤੀ ਰਸੀਦਾਂ ਹੁਣ ਪ੍ਰਾਪਤ ਕੀਤੀਆਂ ਜਾਣ ਅਤੇ ਪਾਲਣਾ ਅਗਲੇ ਆਡਿਟ ਸਮੇਂ ਪੇਸ਼ ਕੀਤੀ ਜਾਵੇ।

| ਲੜੀ ਨੰ | ਵੋਚਰ ਨੰ/ਮਿਤੀ | ਰਕਮ | ਵੇਰਵਾ |
|---|---|---|---|
| 1 | 16/12-7-17 | 17,908/- | ਐਡਵੋਕੇਟ ਦਲਜੀਤ ਸਿੰਘ ਗਿੱਲ ਨੂੰ ਲੀਗਲ ਫੀਸ ਅਦਾ ਕੀਤੀ |
| 2 | 17/12-7-17 | 17,908/- | ਐਡਵੋਕੇਟ ਜਗਦੀਪ ਸਿੰਘ ਸਮਰਾ ਨੂੰ ਲੀਗਲ ਫੀਸ ਅਦਾ ਕੀਤੀ |
| 3 | 08/7-12-17 | 42,000/- | ਰਾਜਬੀਰ ਸਿੰਘ ਸਪੁੱਤਰ ਸ਼੍ਰੀ ਰਸਾਲ ਸਿੰਘ ਪਾਸੋਂ ਨਾਲਿਆਂ ਦੀ ਸਫਾਈ ਲਈ ਜੇ.ਸੀ.ਬੀ ਮਸ਼ੀਨ ਲਵਾਈ |
| 4 | 08/7-12-17 | 72,000/- | ਰਾਜਬੀਰ ਸਿੰਘ ਸਪੁੱਤਰ ਸ਼੍ਰੀ ਰਸਾਲ ਸਿੰਘ ਪਾਸੋਂ ਨਾਲਿਆਂ ਦੀ ਸਫਾਈ ਲਈ ਜੇ.ਸੀ.ਬੀ ਮਸ਼ੀਨ ਲਵਾਈ |
| 5 | 33/21-12-17 | 54,000/- | ਰਾਜਬੀਰ ਸਿੰਘ ਸਪੁੱਤਰ ਸ਼੍ਰੀ ਰਸਾਲ ਸਿੰਘ ਨੂੰ ਸੋਲਿਡ ਵੇਸਟ ਡੰਪ ਅਤੇ ਹਵਾਈ ਅੱਡੇ ਅੰਦਰ ਨਾਲੇ ਦੀ ਸਫਾਈ ਲਈ ਅਦਾਇਗੀ ਕੀਤੀ |

**ਪੈਰ੍ਹਾ ਨੰ: ਨਕਸ਼ੇ ਸਬੰਧੀ:-** ਹੇਠ ਦਰਜ ਵੇਰਵੇ ਅਨੁਸਾਰ ਨਗਰ ਪੰਚਾਇਤ ਵੱਲੋਂ ਵੱਖ ਵੱਖ ਕਿਸਮ ਦੇ ਰਿਹਾਇਸ਼ੀ/ਕਮੱਰਸ਼ੀਅਲ ਬਿਲਡਿੰਗ ਦੇ ਨਕਸ਼ਿਆਂ ਦੀ ਬਣਦੀ ਰਕਮ ਵਸੂਲ ਕੀਤੀ ਗਈ ਸੀ, ਪ੍ਰੰਤੂ ਇਹ ਨਕਸ਼ਾ ਪਾਸ ਨਹੀਂ ਕੀਤਾ ਗਿਆ ਸੀ ਅਤੇ ਇਹ ਟਿੱਪਣੀ ਕੀਤੀ ਗਈ ਸੀ ਕਿ ਮਾਲਕੀ ਦੇ ਸਬੂਤਾਂ ਸਬੰਧੀ ਪੱਤਰ ਵਿਹਾਰ ਕੀਤਾ ਜਾ ਰਿਹਾ ਹੈ। ਇਹ ਘੋਖ ਕਰਕੇ ਯਕੀਨੀ ਬਣਾਇਆ ਜਾਵੇ ਕਿ ਕਿਧਰੇ ਇਹਨ੍ਹਾਂ ਜਗ੍ਹਾ ਤੇ ਬਿਲਡਿੰਗ ਦੀ ਅਣ-ਅਧਿਕਾਰਤ ਉਸਾਰੀ ਤਾਂ ਨਹੀਂ ਹੋ ਚੁੱਕੀ। ਇਸ ਸਬੰਧੀ ਪੜਤਾਲ ਕੀਤੀ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰ | ਫਾਇਲ ਨੰ | ਮਹੀਨਾ | ਬਿਲਡਿੰਗ ਦੇ ਮਾਲਕ ਦਾ ਨਾਮ |
|---|---|---|---|
| 1 | 37 | 7/16 | ਅਮਰਾ ਦੇਵੀ ਪਤਨੀ ਜਸਵੰਤ ਸਿੰਘ ਵਾਰਡ ਨੰ: 4 ਏਅਰਪੋਰਟ ਕਲੌਨੀ |
| 2 | 38 | 7/16 | ਪਰਮਿੰਦਰ ਸਿੰਘ ਪੁੱਤਰ ਸ਼੍ਰੀ ਸੁਖਬੀਰ ਸਿੰਘ ਵਾਰਡ ਨੰ: 6 ਸਾਹਮਣੇ ਕਾਨਵੈਂਟ ਸਕੂਲ |
| 3 | 39 | 7/16 | ਕੇਸਰੀ ਪਤਨੀ ਸ਼੍ਰੀ ਗੋਂਦਾ ਰਾਮ, ਏਅਰਪੋਰਟ ਕਲੌਨੀ |
| 4 | 41 | 7/16 | ਦਵਿੰਦਰ ਕੌਰ ਪਤਨੀ ਨਿਰਮਲ ਸਿੰਘ ਵਾਰਡ ਨੰ: 5 ਬਾਬਾ ਜਵੰਦ ਸਿੰਘ ਕਲੌਨੀ, ਰਾਜਾਸਾਂਸੀ |
| 5 | 120 | 3/17 | ਅਮਰਜੀਤ ਕੌਰ ਪਤਨੀ ਮੁਖਤਾਰ ਸਿੰਘ ਵਾਰਡ ਨੰ: 5 ਮੇਨ ਰੋਡ, ਰਾਜਾਸਾਂਸੀ |
| 6 | 116 | 3/17 | ਪਲਵਿੰਦਰ ਕੌਰ ਪਤਨੀ ਰਣਜੀਤ ਸਿੰਘ ਵਾਰਡ ਨੰ: 5 ਬਾਬਾ ਜਵੰਦ ਸਿੰਘ ਕਲੌਨੀ, ਰਾਜਾਸਾਂਸੀ |

ਪੈਰ੍ਹਾ ਨੰ: 11 ਵਿੱਤੀ ਸਥਿਤੀ:- (1) ਜਨਰਲ ਕੈਸ਼ ਬੁੱਕ:-

| | |
|---|---|
| ਸਾਲ | 2017-18 |
| ਮੁੱਢਲੀ ਬਾਕੀ | 1106238 |
| ਆਮਦਨ | 44690245 |
| ਜੋੜ | 45796483 |
| ਖਰਚ | 41116996 |
| ਅੰਤਿਮ ਬਾਕੀ | 4679487 |

(2) ਪੰਜਾਬ ਨਿਰਮਾਨ:-

| | |
|---|---|
| ਸਾਲ | 2017-18 |
| ਮੁੱਢਲੀ ਬਾਕੀ | 575919 |
| ਆਮਦਨ | 20119 |
| ਜੋੜ | 596038 |
| ਖਰਚ | 7080 |
| ਅੰਤਿਮ ਬਾਕੀ | 595967-20 |

(3) ਪੀ.ਐਮ.ਆਈ.ਡੀ.ਸੀ:-

| | |
|---|---|
| ਸਾਲ | 2017-18 |
| ਮੁੱਢਲੀ ਬਾਕੀ | 4761200-47 |
| ਆਮਦਨ | 227638-53 |
| ਜੋੜ | 4988839 |
| ਖਰਚ | ਨਿਲ |
| ਅੰਤਿਮ ਬਾਕੀ | 4988839 |

(4) ਯੂ.ਡੀ.ਡੀ:-

| | |
|---|---|
| ਸਾਲ | 2017-18 |
| ਮੁੱਢਲੀ ਬਾਕੀ | 40944 |
| ਆਮਦਨ | 1557 |
| ਜੋੜ | 42495 |
| ਖਰਚ | ਨਿਲ |
| ਅੰਤਿਮ ਬਾਕੀ | 42495 |

(5) ਪੀ.ਆਈ.ਡੀ.ਬੀ:-

| | |
|---|---|
| ਸਾਲ | 2017-18 |
| ਮੁੱਢਲੀ ਬਾਕੀ | 71124 |

ਗਰਾਂਟਾਂ: ਸਮਾਂ 4/17 ਤੋਂ 3/18 ਦੌਰਾਨ ਪ੍ਰਾਪਤ ਹੋਈਆਂ ਗਰਾਂਟਾਂ ਦੀ ਪੜਤਾਲ ਆਡੀਟਰ ਵਲੋ ਕੀਤੀ ਗਈ ਸੀ ਅਤੇ ਪੜਤਾਲ ਰਿਪੋਰਟ ਦੀ ਇੱਕ-ਇੱਕ ਕਾਪੀ ਮੌਕੇ ਤੇ ਹੀ ਕਾਰਜਸਾਧਕ ਅਫਸਰ ਨੂੰ ਦਸਤੀ ਦਿੱਤੀ ਗਈ ਸੀ ਅਤੇ ਦੱਸਿਆ ਗਿਆ ਸੀ । ਇਸ ਵਿੱਚ ਦਰਜ ਬਕਾਇਆ/ਅਣਵਰਤੀਆਂ ਗਰਾਂਟਾਂ ਸਰਕਾਰ ਨੂੰ ਵਾਪਿਸ ਕੀਤੀਆਂ ਜਾਣ ਅਤੇ ਨਿਰਧਾਰਤ ਸਮੇਂ ਤੋਂ ਬਾਅਦ ਖਰਚ ਕੀਤੀਆਂ ਗਰਾਂਟਾਂ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਨਿਯਮਤ ਕਰਵਾਈਆਂ ਜਾਣ ।

**ਪੈਰ੍ਹਾ ਨੰ: 12 ਵਾਟਰ ਸਪਲਾਈ:-** ਨਗਰ ਪੰਚਾਇਤ ਵੱਲੋਂ ਵਾਟਰ ਸਪਲਾਈ ਦਾ ਮੰਗ ਅਤੇ ਵਸੂਲੀ ਰਜਿਸਟਰ W-2 ਤਿਆਰ ਕਰਨ ਉਪਰੰਤ ਲੇਖਾ ਪੜਤਾਲ ਲਈ ਪੇਸ਼ ਕਰ ਦਿੱਤਾ ਗਿਆ, ਪ੍ਰੰਤੂ ਮਿਤੀ 5-9-14 ਤੋਂ ਵਾਟਰ ਸਪਲਾਈ ਅਤੇ ਸੀਵਰੇਜ ਸਰਕਲ, ਅੰਮ੍ਰਿਤਸਰ ਨੂੰ ਸੌਂਪ ਦਿੱਤਾ ਗਿਆ ਸੀ। ਨਗਰ ਪੰਚਾਇਤ ਰਾਜਾਸਾਂਸੀ ਦੇ ਰਿਕਾਰਡ ਅਨੁਸਾਰ ਵੱਖ ਵੱਖ ਖਪਤਕਾਰਾਂ ਪਾਸੋਂ 10,78,982/- ਰੁਪਏ ਦਾ ਬਕਾਇਆ ਵਸੂਲਣਯੋਗ ਹੈ। ਇਹ ਬਕਾਇਆ ਤੁਰੰਤ ਵਸੂਲਣ ਦੇ ਉਪਰਾਲੇ ਕੀਤੇ ਜਾਣ ਅਤੇ ਕੀਤੀ ਕਾਰਵਾਈ ਤੋਂ ਆਡਿਟ ਨੂੰ ਜਾਣੂ ਕਰਵਾਇਆ ਜਾਵੇ।

**ਪੈਰ੍ਹਾ ਨੰ: 13 ਪ੍ਰਾਪਰਟੀ ਟੈਕਸ:-** (ੳ) ਸਾਲ 2017-18 ਦੌਰਾਨ ਨਗਰ ਪੰਚਾਇਤ ਰਾਜਾਸਾਂਸੀ ਵੱਲੋਂ ਪ੍ਰਾਪਰਟੀ ਟੈਕਸ ਦੀ ਹੇਠ ਲਿਖੇ ਅਨੁਸਾਰ ਵਸੂਲੀ ਕੀਤੀ ਗਈ। ਪ੍ਰਾਪਰਟੀ ਟੈਕਸ ਰਜਿਸਟਰ ਸਮਰੱਥ ਅਧਿਕਾਰੀ ਵੱਲੋਂ ਤਸਦੀਕ ਨਹੀਂ ਕੀਤਾ ਗਿਆ ਸੀ। ਇਸ ਨੂੰ ਹੁਣ ਤਸਦੀਕ ਕਰਵਾਇਆ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਸਾਲ | ਯੂਨਿਟਾਂ ਦੀ ਗਿਣਤੀ | ਵਸੂਲੀ ਰਕਮ (ਲੱਖਾਂ ਵਿੱਚ) |
|---|---|---|
| 2017-18 | 259 | 10.87 |

**(ਅ) ਹਾਊਸ ਟੈਕਸ:-** ਨਗਰ ਪੰਚਾਇਤ ਦੇ ਹਾਊਸ ਟੈਕਸ ਬਕਾਇਆ ਦੀ ਸਥਿਤੀ ਹੇਠ ਲਿਖੇ ਅਨੁਸਾਰ ਸੀ। ਸਾਲ 2016-17 ਦੇ ਅੰਤ ਤੱਕ ਇਹ ਵਸੂਲਣਯੋਗ ਰਕਮ 17,81,293/- ਰੁਪਏ ਬਕਾਇਆ ਖੜੀ ਸੀ। ਸਾਲ 2017-18 ਦੌਰਾਨ ਨਗਰ ਪੰਚਾਇਤ ਦੇ ਕਰਮਚਾਰੀਆਂ ਵੱਲੋਂ 1,05,000/- ਰੁਪਏ ਵਸੂਲ ਕੀਤੇ ਗਏ ਜਦ ਕਿ 16,76,293/- ਰੁਪਏ ਅਜੇ ਵੀ ਹਾਊਸ ਟੈਕਸ ਵਜੋਂ ਬਕਾਇਆ ਖੜੇ ਹਨ। ਇਸਦੀ ਵਸੂਲੀ ਸਬੰਧੀ ਯੋਗ ਉਪਰਾਲੇ ਕੀਤੇ ਜਾਣ ਅਤੇ ਕੀਤੀ ਕਾਰਵਾਈ ਤੋਂ ਆਡਿਟ ਨੂੰ ਜਾਣੂ ਕਰਵਾਇਆ ਜਾਵੇ।

| ਸਾਲ | 2017-18 |
|---|---|
| ਮੁੱਢਲੀ ਬਾਕੀ | 17,81,293/- |
| ਸਾਲ 2017-18 ਦੌਰਾਨ ਵਸੂਲੀ | 1,05,000/- |
| ਬਕਾਇਆ | 16,76,293/- |

**ਪੈਰ੍ਹਾ ਨੰ: 14 ਲਾਗ ਬੁੱਕ:-** ਸਾਲ 2017-18 ਦੌਰਾਨ ਜਨਰੇਟਰ ਲਾਗ ਬੁੱਕ ਸਬੰਧਤ ਕਰਮਚਾਰੀ ਵੱਲੋਂ ਸਹੀ ਤਰੀਕੇ ਨਾਲ ਤਿਆਰ ਨਹੀਂ ਕੀਤੀ ਗਈ ਸੀ। ਤੇਲ ਦੀ ਖ੍ਰੀਦ ਦੇ ਇੰਦਰਾਜ ਮਿਤੀ ਵਾਇਜ਼ ਦਰਜ ਨਹੀਂ ਕੀਤੇ ਗਏ ਸਨ। ਜਿਸ ਕਰਕੇ ਇਸ ਦੀ ਪੜਤਾਲ ਨਹੀਂ ਹੋ ਸਕੀ। ਸਬੰਧਤ ਕਰਮਚਾਰੀ ਨੂੰ ਹਦਾਇਤ ਕੀਤੀ ਜਾਵੇ ਕਿ ਇਹ ਰਿਕਾਰਡ ਸਹੀ ਰੂਪ ਵਿੱਚ ਤਿਆਰ ਕੀਤਾ ਜਾਵੇ ਅਤੇ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

**ਪੈਰ੍ਹਾ ਨੰ: 15 ਟੀਚੇ ਤੋਂ ਘੱਟ ਆਮਦਨ ਦੀ ਪ੍ਰਾਪਤੀ:-** ਹੇਠ ਦਿੱਤੇ ਅਨੁਸਾਰ ਸਾਲ 2017-18 ਦੌਰਾਨ ਬਜਟ ਵਿੱਚ ਨਿਰਧਾਰਿਤ ਕੀਤੀਆਂ ਗਈਆਂ ਮੱਦਾਂ ਤੋਂ ਘੱਟ ਆਮਦਨ ਦੀ ਪ੍ਰਾਪਤੀ ਕੀਤੀ ਗਈ ਸੀ, ਜੋ ਕਿ ਇਕ ਗੰਭੀਰ ਉਕਾਈ ਹੈ। ਇਹ ਮਾਮਲਾ ਡਾਇਰੈਕਟਰ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਚੰਡੀਗੜ੍ਹ ਦੇ ਵਿਸ਼ੇਸ਼ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਅਤੇ ਅੱਗੇ ਤੋਂ ਆਮਦਨ ਦੀ ਵਸੂਲੀ ਬਜਟ ਵਿੱਚ ਨਿਰਧਾਰਿਤ ਮੱਦਾਂ ਅਨੁਸਾਰ ਕਰਨ ਦੇ ਉਪਰਾਲੇ ਕੀਤੇ ਜਾਣ ਅਤੇ ਇਸਦੀ ਪਾਲਣਾ ਅਗਲੇ ਆਡਿਟ ਸਮੇਂ ਵਿਖਾਈ ਜਾਵੇ।

| ਲੜੀ ਨੰ | ਮੱਦ ਦਾ ਨਾਮ | ਬਜਟ ਵਿੱਚ ਪ੍ਰਵਾਨਿਤ ਰਕਮ (ਲੱਖਾਂ ਵਿੱਚ) | ਰਕਮ ਦੀ ਵਸੂਲੀ | ਪ੍ਰਵਾਨਿਤ ਮੱਦਾਂ ਤੋਂ ਘੱਟ ਵਸੂਲੀ ਰਕਮ (ਲੱਖਾਂ ਵਿੱਚ) |
|---|---|---|---|---|
| 1 | ਬਿਜਲੀ ਤੇ ਲਗਦੀ ਚੁੰਗੀ ਦੀ ਰਾਸ਼ੀ | 10-00 | ਨਿਲ | 10-00 |
| 2 | ਪ੍ਰਾਪਰਟੀ ਟੈਕਸ/ਹਾਊਸ ਟੈਕਸ | 14-00 | 13-07 | .93 |
| 3 | ਐਡਵਰਟਾਈਜਮੈਂਟ ਫੀਸ | 2-00 | 0.01 | 1.99 |
| 4 | ਵਾਹੀਯੋਗ ਜ਼ਮੀਨ | 9-50 | 9.05 | 0.45 |
| 5 | ਬਿਲਡਿੰਗ ਫੀਸ/ਡਿਵੈਲਪਮੈਂਟ ਚਾਰਜਜ ਵਗੈਰਾ | 18-00 | 10.30 | 7.7 |

| 6 | ਵਧੀਕ ਆਬਕਾਰੀ ਡਿਊਟੀ ਅਤੇ ਆਕਸ਼ਨ ਮਨੀ ਗਰਾਂਟ | 16-00 | 06.37 | 9.63 |
|---|---|---|---|---|
| 7 | ਹੋਰ ਸਰੋਤਾਂ ਤੋਂ ਆਮਦਨ | 31-00 | 14.46 | 16.54 |

ਪੈਰ੍ਹਾ ਨੰ: 16 ਆਡਿਟ ਫੀਸ:- ਨਗਰ ਪੰਚਾਇਤ ਵੱਲੋਂ ਵਰਤਮਾਨ ਆਡਿਟ ਸਮੇਂ ਦੀ ਬਣਦੀ ਫੀਸ ਅਤੇ ਸਾਲ 2016-17 ਦੌਰਾਨ ਕੀਤੇ ਗਏ ਆਡਿਟ ਦੀ ਆਡਿਟ ਫੀਸ 29,100/- ਰੁਪਏ ਹੇਠ ਲਿਖੇ ਵੇਰਵੇ ਅਨੁਸਾਰ ਸਰਕਾਰੀ ਖਜਾਨੇ ਦੀ ਮਦ-0070-ਦੂਜੀਆਂ ਪ੍ਰਬੰਧਕੀ ਸੇਵਾਵਾਂ-60-ਦੂਜੀਆਂ ਸੇਵਾਵਾਂ-110ਸਰਕਾਰੀ ਆਡਿਟ ਫੀਸ (ਸਟੇਟ) ਅਧੀਨ ਸਟੇਟ ਬੈਂਕ ਆਫ ਇੰਡੀਆ, ਅੰਮ੍ਰਿਤਸਰ ਕੈਂਟ ਵਿੱਚ ਮਿਤੀ: 13-7-18 ਨੂੰ ਜਮ੍ਹਾਂ ਕਰਵਾ ਦਿੱਤੀ ਗਈ ਹੈ।

| ਲੜੀ ਨੰ | ਲੇਖਾ ਪੜਤਾਲ ਦੀਆਂ ਮਿਤੀਆਂ | ਜਮ੍ਹਾ ਕਰਵਾਈ ਆਡਿਟ ਫੀਸ ਦਾ ਵੇਰਵਾ |
|---|---|---|
| 1 | 01-05-18 | 2900/- |
| 2 | 31-05-18 | 2900/- |
| 3 | 07-06-18 | 2900/- |
| 4 | 14-06-18 | 2900/- |
| | | 11,600/- |
| | ਸਾਲ 2016-17 ਦੌਰਾਨ ਕੀਤੇ ਗਏ ਲੇਖਾ ਪੜਤਾਲ ਦੀ ਬਕਾਇਆ ਆਡਿਟ ਫੀਸ | 17,500/- |
| | | 29,100/- |

ਪੈਰ੍ਹਾ ਨੰ: 17 ਰਿਕਾਰਡ ਪੇਸ਼ ਨਹੀਂ ਕੀਤਾ:- ਹੇਠ ਲਿਖਿਆ ਰਿਕਾਰਡ ਲੇਖਾ ਪੜਤਾਲ ਸਮੇਂ ਪੇਸ਼ ਨਹੀਂ ਕੀਤਾ ਗਿਆ। ਇਹ ਰਿਕਾਰਡ ਅਗਲੀ ਲੇਖਾ ਪੜਤਾਲ ਸਮੇਂ ਪੇਸ਼ ਕਰਨਾ ਯਕੀਨੀ ਬਣਾਇਆ ਜਾਵੇ।

1. ਲਾਇਸੰਸ ਅੰਡਰ ਸੈਕਸ਼ਨ 121 (ਰਿਕਸ਼ਾ, ਰੇੜਾ, ਠੇਲਾ ਆਦਿ)
2. ਕੰਟਰੈਕਟਰ ਲੈਜਰ
3. ਬਿਜਲੀ ਦੇ ਸਮਾਨ ਦਾ ਸਟਾਕ ਰਜਿਸਟਰ
4. ਚਾਹ ਪਾਣੀ/ਫੁੱਟਕਲ ਖਰਚੇ ਸਬੰਧੀ ਰਜਿਸਟਰ

ਪੈਰ੍ਹਾ ਨੰ: 18 ਫੁੱਟਕਲ:- (ੳ) ਨਗਰ ਪੰਚਾਇਤ ਵੱਲੋਂ ਚੁੰਗੀ ਦੀ ਆਮਦਨ ਸਬੰਧੀ ਕੋਈ ਰਿਕਾਰਡ ਪੇਸ਼ਨਹੀਂ ਕੀਤਾ ਗਿਆ। ਇਸ ਕਾਰਨ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਿਜਲੀ ਦੇ ਘਰੇਲੂ, ਵਪਾਰਕ ਅਤੇ ਹੋਰ ਖਪਤਕਾਰਾਂ ਪਾਸੋਂ ਜੋ ਚੁੰਗੀ ਦੀ ਆਮਦਨ ਨਗਰ ਪੰਚਾਇਤ ਨੂੰ ਹੋਈ ਸੀ, ਉਸ ਸਬੰਧੀ ਪੜਤਾਲ ਨਹੀਂ ਹੋ ਸਕੀ। ਬਿਜਲੀ ਵਿਭਾਗ ਤੋਂ ਹੋਣ ਵਾਲੀ ਚੁੰਗੀ ਦੀ ਆਮਦਨ ਨੂੰ ਨਗਰ ਪੰਚਾਇਤ ਦੇ ਖਾਤੇ ਵਿੱਚ ਜਮ੍ਹਾਂ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਇਸ ਨਾਲ ਸਬੰਧਤ ਰਿਕਾਰਡ ਤਿਆਰ ਕਰਨ ਉਪਰੰਤ ਅਗਲੀ ਲੇਖਾ ਪੜਤਾਲ ਦੌਰਾਨ ਪੇਸ਼ ਕੀਤਾ ਜਾਵੇ।

(ਅ) ਆਡਿਟ ਪੜਤਾਲ ਸਮੇਂ ਦੌਰਾਨ ਜੋ ਨਕਾਰਾ ਸਮਾਨ ਤੇ ਅਖਬਾਰਾਂ ਦੀ ਰੱਦੀ ਨਹੀਂ ਵੇਚੀ ਗਈ ਇਸਨੂੰ ਖੁੱਲੀ ਬੋਲੀ ਰਾਹੀਂ ਵੇਚ ਕੇ ਆਮਦਨ ਨਗਰ ਪੰਚਾਇਤ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇ।

(ੲ) ਤਨਖਾਹ ਬਿੱਲਾਂ ਨਾਲ ਐਬਸੈਂਟੀ ਸਟੇਟਮੈਂਟਾਂ ਨਹੀਂ ਲਗਾਈਆਂ ਸਨ। ਅੱਗੇ ਤੋਂ ਇਹ ਸਟੇਟਮੈਂਟਾਂ ਤਨਖਾਹ ਬਿੱਲਾਂ ਨਾਲ ਲਾਉਣੀਆਂ ਯਕੀਨੀ ਬਣਾਈਆਂ ਜਾਣ।

ਸਿੱਟਾ:- ਨਗਰ ਪੰਚਾਇਤ ਦੇ ਲੇਖਿਆਂ ਵਿੱਚ ਹੋਰ ਸੁਧਾਰ ਅਤੇ ਨੇੜਲੀ ਨਿਗਰਾਨੀ ਦੀ ਲੋੜ ਹੈ। ਆਡਿਟ ਪ੍ਰਤੀ ਸਹਿਯੋਗ ਲਈ ਨਗਰ ਪੰਚਾਇਤ ਦੇ ਅਧਿਕਾਰੀਆਂ/ਕਰਮਚਾਰੀਆਂ ਦਾ ਧੰਨਵਾਦ ਕੀਤਾ ਜਾਂਦਾ ਹੈ।

-ਸ਼ੀ-
ਰਿਜਨਲ ਡਿਪਟੀ ਡਾਇਰੈਕਟਰ,
ਲੋਕਲ ਆਡਿਟ ਵਿਭਾਗ,
ਅੰਮ੍ਰਿਤਸਰ।

ਟਾਈਪ ਤੇ ਮਿਲਾਨ ਕਰਤਾ:-

ਅਨੁਲੱਗ- ੳ

ਆਡਿਟ ਰਿਪੋਰਟ ਸਮਾਂ 04/17 ਤੋਂ 03/18 ਨਗਰ ਪੰਚਾਇਤ ਰਾਜਾਸਾਂਸੀ ਦੇ ਪੈਰ੍ਹਾ ਨੰ: 2 ਦੇ ਹਵਾਲੇ ਨਾਲ:

| ਲੜੀ ਨੰ | ਸਮਾਂ | ਆਡਿਟ ਸ਼ੁਰੂ ਹੋਣ ਸਮੇਂ ਖੜੇ ਪੈਰ੍ਹੇ | ਆਡਿਟ ਦੌਰਾਨ ਨਿਪਟਾਏ ਪੈਰ੍ਹੇ | ਆਡਿਟ ਸਮਾਪਤੀ ਤੇ ਬਕਾਇਆ ਖੜ੍ਹੇ ਪੈਰ੍ਹੇ |
|---|---|---|---|---|
| 1 | 4/91 ਤੋਂ 3/00 | 2(ਅ)(1),2(ਅ)(2),4(1), 4(2),4(3),6(ਅ),9,11,13 (ਅ),(ੲ),(ਸ),(ਚ),16,17, 18(ੳ),(ਅ),(ੲ),(ਸ),(ਖ), 19(ੳ),(ਅ),(ੲ),(ਸ),(ਖ), 19(ੳ),(ਅ),20(ੳ),(ਅ), 20(ਅ)(2),(ੲ),20(2)(ੲ) ,20(2)(ਹ),23(ਚ)(2),(ੳ) ,(ਅ),(ਹ),(ਕ),(ਙ),24 | 13(ਅ),(ੲ), (ਸ),18(ੳ)(ੲ) ,23(2) | 2(ਅ)(1),2(ਅ)(2),4(1), 4(2),4(3),6(ਅ),9,11, 13(ਚ),16,17,18(ਅ),(ਸ), (ਖ),19(ੳ),(ਅ),(ੲ),(ਸ), (ਖ),19(ੳ),(ਅ),20(ੳ), (ਅ),20(ਅ)(2),(ੲ),20(2) (ੲ),20(2)(ਹ),23 (ੳ) ਤੋਂ (ਙ),23(ਚ),(ੳ), (ਅ),(ਹ),(ਕ),(ਙ),24 |
| 2 | 4/2000 ਤੋਂ 3/2005 | 2(ੳ),3(ੳ),(ੲ),(ਸ), 3(ਕ),(ਖ),(ਗ),(ਘ),(ਛ), (ਜ),3(ਙ),(ਟ),(ਠ),(ਡ), (ਢ),(ਣ),3(ਥ),6,7,8,9, 10,12(ੳ),(ਅ),14(ੳ), 14(ਅ),15,17 | | 2(ੳ),3(ੳ),(ੲ),(ਸ), 3(ਕ),(ਖ),(ਗ),(ਘ),(ਛ), (ਜ),3(ਙ),(ਟ),(ਠ),(ਡ), (ਢ),(ਣ),3(ਥ),6,7,8,9, 10,12(ੳ),(ਅ),14(ੳ), 14(ਅ),15,17 |
| 3 | 4/2005 ਤੋਂ 3/2012 | 3(ਅ),4(ਅ),5,6(ੳ),(ਅ) ,(ੲ),(ਸ),(ਹ),(ਕ),7,8,9, 10,11,12(ੳ),(ੳ),(ਸ), (ਹ),(ਕ),13,14,16,18,19 (ੳ),(ੳ),20(ੳ),(ਅ) | 13,18,20(ੳ) | 3(ਅ),4(ਅ),5,6(ੳ),(ਅ), (ੲ),(ਸ),(ਹ),(ਕ),7,8,9,10 ,11,12(ੳ),(ਅ),(ਸ),(ਹ), (ਕ),14,16,19(ੳ),(ਅ), 20(ਅ) |
| 4 | 4/2012 ਤੋਂ 3/2015 | 3(ੳ),(ਅ),(ੲ),(ਸ),(ਹ), (ਕ),4(ੳ),(ਅ),(ੲ),5(ੳ) ,(ੲ),9,10,(ਅ),12(ਅ), 13,14,15,16,18,19(ਸ) | 3(ੳ),(ਅ),(ੲ) ,(ਸ),(ਹ),4(ੳ) ,(ਅ) | 3(ਕ),(ੲ),5(ੳ), (ੲ),9,10,(ਅ),12(ਅ), 13,14,15,16,18,19(ਸ) |
| 5 | 4/2015 ਤੋਂ 3/2016 | 4(ੳ),(ਸ),5(ੳ),10,11,12 ,14,15(ੳ),(ਅ) | 4(ੳ),11,12, 14,15(ੳ) | 4(ਸ),5(ੳ),10,15(ਅ) |
| 6 | 4/2016 ਤੋਂ 3/2017 | 3(ੳ),(ੳ),4(ੳ),(ਅ), 5(ੳ),(ਅ),(ੲ),6(ਅ),8, 9(ੳ),(ਅ),(ੲ),10,11(ੳ) ,(ਅ),12,13,14,15 | 3(ੳ),4(ੳ), 5(ੳ),(ਅ),(ੲ) ,8,9(ੳ), 11(ੳ),12,15 | 3(ਅ),4(ਅ),6(ਅ),9(ਅ), (ੲ),10,11(ਅ),13 |
| 7 | 4/2017 ਤੋਂ 3/2018 | 03,04(ੳ),(ੳ),05(ੳ), (ਅ),06(ੳ),(ਅ),07,09, 10,12,13(ੳ),(ਅ),14,15 ,17,18(ੳ),(ੳ),(ੲ) | | 03,04(ੳ),(ਅ),05(ੳ), (ਅ),06(ੳ),(ਅ),07,09, 10,12,13(ੳ),(ਅ),14,15, 17,18(ੳ),(ਅ),(ੲ) |